# ਭਾਰਤੀਆ ਰੈਡ ਕਰਾਸ ਸੁਸਾਇਟੀ
## ਜ਼ਿਲ੍ਹਾ ਸ਼ਾਖਾ, ਮਾਨਸਾ ।

ਪਤੱਰ ਨੰਬਰ ਡੀ.ਆਰ.ਸੀ/86.......... ਮਿਤੀ 26/04/18।

ਸੇਵਾ ਵਿਖੇ,

1 ਜ਼ਿਲ੍ਹਾ ਸਿੱਖਿਆ ਅਫਸਰ (ਐਲੀ.), ਮਾਨਸਾ ।
2 ਜ਼ਿਲ੍ਹਾ ਸਿੱਖਆ ਅਫਸਰ (ਸਕੈ.), ਮਾਨਸਾ ।

ਵਿਸ਼ਾ : ਵਿਸ਼ਵ ਰੈਡ ਕਰਾਸ ਦਿਵਸ 8 ਮਈ 2018 ਨੂੰ ਮਨਾਉਣ ਸਬੰਧੀ ।

ਹਵਾਲਾ : ਭਾਰਤੀਆ ਰੈਡ ਕਰਾਸ ਸੁਸਾਇਟੀ, ਪੰਜਾਬ ਸਟੇਟ ਬ੍ਰਾਂਚ, ਚੰਡੀਗੜ੍ਹ ਦਾ ਪਤੱਰ ਨੰਬਰ 514-535 ਮਿਤੀ 18 ਅਪ੍ਰੈਲ 2018 ਦੇ ਸਬੰਧ ਵਿੱਚ ।

ਹਵਾਲਾ ਅਧੀਨ ਪਤੱਰ ਦੀ ਕਾਪੀ ਆਪ ਜੀ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਜੀ ਦੇ ਸਹਿਯਗ ਨਾਲ ਸਕੂਲਾਂ/ਕਾਲਜਾਂ ਵਿੱਚ ਮਿਤੀ 8 ਮਈ 2018 ਨੂੰ ਵਿਸ਼ਵ ਰੈਡ ਕਰਾਸ ਦਿਵਸ ਵਿਦਿਆਰਥੀਆਂ ਨੂੰ ਰਾਸ਼ਟਰ ਸੇਵਾ, ਸਮਾਜ ਸੇਵਾ ਅਤੇ ਦੇਸ਼ ਭਗਤੀ ਦੀ ਪ੍ਰਤੀਗਿਆ ਦੇ ਕੇ ਮਨਾਇਆ ਜਾਵੇ ਅਤੇ ਮਿਤੀ 8 ਮਈ 2018 ਨੂੰ ਵਿਸ਼ਵ ਰੈਡ ਕਰਾਸ ਦਿਵਸ ਮਨਾਉਣ ਸਬੰਧੀ ਆਪ ਵਲੋਂ ਕੀਤੀ ਗਈ ਕਾਰਵਾਈ ਦੀ ਰਿਪੋਰਟ/ਫੋਟੋਆਂ ਇਸ ਦਫਤਰ ਨੂੰ ਭੇਜੀਆਂ ਜਾਣ ਜੀ । ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਇੱਕ ਮੀਟਿੰਗ ਮਾਨਯੋਗ ਡਿਪਟੀ ਕਮਿਸ਼ਨਰ ਸਾਹਿਬ ਜੀ ਦੀ ਪ੍ਰਧਾਨਗੀ ਹੇਠ ਮਿਤੀ 1/5/2018 ਨੂੰ ਸਵੇਰੇ 11:00 ਵਜੇ ਉਨ੍ਹਾਂ ਦੇ ਦਫਤਰ ਵਿੱਚ ਰੱਖੀ ਗਈ ਹੈ । ਕ੍ਰਿਪਾ ਕਰਕੇ ਮੀਟਿੰਗ ਵਿੱਚ ਹਾਜ਼ਰ ਹੋਣਾ ਯਕੀਨੀ ਬਣਾਇਆ ਜਾਵੇ ਜੀ ।

ਇਸਨੂੰ ਅਤਿ ਜ਼ਰੂਰੀ ਸਮਝਿਆ ਜਾਵੇ ਜੀ ।

ਸਕੱਤਰ
ਭਾਰਤੀਆ ਰੈਡ ਕਰਾਸ ਸੁਸਾਇਟੀ
ਜ਼ਿਲ੍ਹਾ ਸ਼ਾਖਾ, ਮਾਨਸਾ ।

ਨੱਥੀ 1/ਵਰਕਾ ।

# INDIAN RED CROSS SOCIETY

Punjab State Branch, Sector-16, Chandigarh

CONSTITUTED UNDER ACT XV OF 1920

President:
THE GOVERNOR, PUNJAB

Vice-President:
THE CHIEF MINISTER, PUNJAI

EPABX : 0172-2784299, 2542180, 2548192
E-mail : punjabredcross_16@rediffmail.com
info@punjabredcross.com
Website: www.punjabredcross.com

C.S. Talwar, IAS (Retd.)
Secretary-Cum-Chief Executiv
Telefax : 0172-2549434

URGENT

ਵ.ਰ.ਕ.ਡੇ./2018 514-535

ਮਿਤੀ 18 ਅਪਰੈਲ, 2018

ਡਿਪਟੀ ਕਮਿਸ਼ਨਰ ਅਤੇ ਪ੍ਰਧਾਨ,
ਜਿਲ੍ਹਾ ਰੈੱਡ ਕਰਾਸ ਸ਼ਾਖਾ,
ਰਾਜ ਦੇ ਸਮੂਹ ਜਿਲ੍ਹੇ

ਵਿਸ਼ਾ:- ਵਿਸ਼ਵ ਰੈੱਡ ਕਰਾਸ ਦਿਵਸ 8 ਮਈ, 2018 ਮਨਾਉਣ ਸਬੰਧੀ

ਜਿਵੇਂ ਕਿ ਆਪ ਜਾਂਣਦੇ ਹੀ ਹੋ ਕਿ ਅੰਤਰਰਾਸਟਰੀ ਰੈੱਡ ਕਰਾਸ ਦੇ ਬਾਨੀ ਸਰ ਜੀਨ ਹੈਨਰੀ ਡਿਊਨਾ ਜੀ ਦਾ ਜਨਮ ਦਿਹਾੜਾ ਮਿਤੀ 8 ਮਈ ਨੂੰ ਪੂਰੀ ਦੁਨੀਆ ਵਿਚ ਵਿਸ਼ਵ ਰੈੱਡ ਕਰਾਸ ਦਿਵਸ ਦੇ ਤੌਰ ਤੇ ਮਨਾਇਆ ਜਾਂਦਾ ਹੈ। ਭਾਰਤੀ ਰੈੱਡ ਕਰਾਸ ਸੋਸਾਇਟੀ, ਪੰਜਾਬ ਰਾਜ ਸ਼ਾਖਾ ਵਲੋਂ ਵਿਸ਼ਵ ਰੈੱਡ ਕਰਾਸ ਦਿਵਸ ਦਾ ਰਾਜ ਪੱਧਰੀ ਸਮਾਗਮ ਜਿਲ੍ਹਾ ਸ਼ਾਖਾ ਦੇ ਸਹਿਯੋਗ ਨਾਲ ਜਲੰਧਰ ਵਿਖੇ 8 ਮਈ, 2018 ਨੂੰ ਆਯੋਜਿਤ ਕੀਤਾ ਜਾ ਰਿਹਾ ਹੈ।

ਭਾਰਤੀ ਰੈੱਡ ਕਰਾਸ ਸੋਸਾਇਟੀ, ਨੈਸ਼ਨਲ ਹੈੱਡ ਕੁਆਰਟਰਜ, ਨਵੀਂ ਦਿੱਲੀ ਤੋਂ ਇਸ ਸਾਲ ਦੇ ਵਿਸ਼ਵ ਰੈੱਡ ਕਰਾਸ ਦਿਵਸ ਸਬੰਧੀ ਪ੍ਰਾਪਤ ਹੋਏ "ਥੀਮ " ਦੀ ਕਾਪੀ ਨਾਲ ਨੱਥੀ ਹੈ।

ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸ਼੍ਰੀ ਅਵਿਨਾਸ਼ ਰਾਏ ਖੰਨਾ, ਸਾਬਕਾ ਮੈਂਬਰ ਪਾਰਲੀਮੈਂਟ ਅਤੇ ਵਾਈਸ ਚੇਅਰਮੈਨ, ਭਾਰਤੀ ਰੈੱਡ ਕਰਾਸ ਸੋਸਾਇਟੀ, ਨਵੀਂ ਦਿੱਲੀ ਜੀ ਦੀ ਇਛਾ ਅਨੁਸਾਰ ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਵੀ ਇਸ ਪਵਿਤਰ ਦਿਹਾੜੇ ਨੂੰ ਹੇਠ ਲਿਖੇ ਅਨੁਸਾਰ ਨਿਵੇਕਲੇ ਤਰੀਕੇ ਨਾਲ ਮਨਾਏ ਜਾਂਣਾਂ ਯਕੀਨੀ ਬਣਾਇਆ ਜਾਵੇ:-

1. ਇਹ ਆਯੋਜਨ ਅੰਤਰਾਸਟਰੀ ਪੱਧਰ ਤੇ ਵਿਸ਼ਵ ਰੈੱਡ ਕਰਾਸ ਦਿਵਸ ਮਨਾਉਣ ਤੋਂ ਇੱਕ ਹਫਤਾ ਪਹਿਲਾ ਸ਼ੁਰੂ ਕਰ ਲਏ ਜਾਂਣ ਅਤੇ ਇਹ ਆਯੋਜਨ ਜਿਲ੍ਹਾ, ਤਹਿਸੀਲ , ਸਬ-ਤਹਿਸੀਲ ਅਤੇ ਬਲਾਕ ਪੱਧਰ ਤੇ ਮਨਾਏ ਜਾਂਣ।
2. ਇਸ ਦਿਵਸ ਨੂੰ ਮਨਾਉਂਦੇ ਹੋਏ ਅਜਿਹੇ ਸੰਦੇਸ਼ ਆਮ ਪਬਲਿਕ ਖਾਸ ਤੌਰ ਦੇ ਵਿਦਿਆਰਥੀਆਂ ਤੱਕ ਪਹੁੰਚਣ ਤਾਂ ਕਿ ਉਨ੍ਹਾਂ ਵਿਚ ਰਾਸਟਰ ਸੇਵਾ, ਸਮਾਜ ਸੇਵਾ ਅਤੇ ਦੇਸ਼ ਭਗਤੀ ਦੀ ਭਾਵਨਾ ਪੈਦਾ ਹੋਵੇ।
3. ਇਸ ਦੇ ਨਾਲ ਹੀ ਮੌਜੂਦਾ ਰਾਸਟਰੀ ਸਮੱਸਿਆਵਾਂ ਜਿਵੇਂ ਐਚ.ਆਈ.ਵੀ./ਏਡਜ, ਨਸ਼ੇ, ਭਰੂਣ ਹੱਤਿਆ, ਰੁੱਖ ਲਗਾਉਣ, ਪਾਣੀ ਦੀ ਸੰਭਾਲ ਆਦਿ ਸਬੰਧੀ ਲੋਕਾਂ ਨੂੰ ਜਾਗਰੂਕ ਕਰਨ ਹਿੱਤ ਢੁੱਕਵੇਂ ਪਲੇਅ ਕਾਰਡ ਆਦਿ ਬਣਾ ਕੇ ਜਾਗਰੂਕਤਾ ਰੈਲੀਆਂ ਦਾ ਆਯੋਜਨ ਕੀਤਾ ਜਾਵੇ।
4. ਹਰੇਕ ਜਿਲ੍ਹਾ ਰੈੱਡ ਕਰਾਸ ਸ਼ਾਖਾ ਆਪਣੇ ਜਿਲ੍ਹੇ ਵਿਚ ਬਲਾਕ ਪੱਧਰ ਤੇ ਘੱਟੋ ਘੱਟ ਇਕ ਹੈਲਥ ਚੈਕ ਅੱਪ ਕੈਂਪ ਲਾਜਮੀ ਆਯੋਜਿਤ ਕਰੇ।
5. ਇਹ ਦਿਵਸ ਜਿਲ੍ਹਾ ਹੈੱਡ ਕੁਆਰਟਰ, ਹਰ ਜਿਲ੍ਹੇ ਦੀ ਮਿਊਸਿਪਲ ਕਮੇਟੀ ਅਤੇ ਬਲਾਕ ਪੱਧਰ ਤੇ ਮਨਾਇਆ ਜਾਵੇ।
6. ਭਾਰਤੀ ਰੈੱਡ ਕਰਾਸ ਸੋਸਾਇਟੀ, ਨਵੀਂ ਦਿੱਲੀ ਵਲੋਂ ਕਿਹਾ ਗਿਆ ਹੈ ਕਿ ਸਟੇਟ ਤੇ ਜਿਲ੍ਹਾ ਹੈੱਡ ਕੁਆਰਟਰ ਤੇ ਦੀਪ ਜਲਾਏ ਜਾਣ, ਲੈਕਚਰ ਅਤੇ ਭਾਸਣ ਕਰਵਾਏ ਜਾਣ, ਫਲੈਕਸ ਬੈਨਰ ਬਣਵਾ ਕੇ ਡਿਸਪਲੇ ਕੀਤੇ ਜਾਂਣ ਜਿਨ੍ਹਾਂ ਤੇ ਰੈੱਡ ਕਰਾਸ ਸਟਾਫ, ਵਲੰਟੀਅਰਜ ਅਤੇ ਮੈਂਬਰਾਂ ਦੇ ਤਜਰਬੇ ਸਾਂਝੇ ਕੀਤੇ ਜਾਣ ਕਿ ਗਰੀਬ ਤੇ ਬੇਸਹਾਰਾ ਲੋਕਾਂ ਦੇ ਚਿਹਰੇ ਤੇ ਕਿਵੇਂ ਖੁਸ਼ੀ ਲਿਆਂਦੀ ਜਾ ਸਕਦੀ ਹੈ।
7. ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਅਤੇ ਉਪਰੋਕਤ ਗਾਈਡਲਾਈਨਜ ਤੇ ਕਾਰਵਾਈ ਨੂੰ ਯਕੀਨੀ ਬਣਾਇਆ ਜਾਵੇ।

ਇਸ ਸਬੰਧੀ ਕੀਤੀ ਗਈ ਕਾਰਵਾਈ ਦੀ ਕਾਪੀ ਇਸ ਦਫਤਰ ਨੂੰ ਵੀ ਭੇਜੀ ਜਾਵੇ ਤਾਂ ਕਿ ਸ਼੍ਰੀ ਅਵਿਨਾਸ਼ ਰਾਏ ਖੰਨਾ, ਵਾਈਸ ਚੇਅਰਮੈਨ, ਨੈਸ਼ਨਲ ਮੈਨੇਜਿੰਗ ਬਾਡੀ ਆਫ ਭਾਰਤੀ ਰੈੱਡ ਕਰਾਸ ਸੋਸਾਇਟੀ ਨੂੰ ਸੂਚਨਾ ਅਤੇ ਲੋੜੀਂਦੀ ਅਗਲੇਰੀ ਕਾਰਵਾਈ ਹਿੱਤ ਭੇਜੀ ਜਾ ਸਕੇ। ਕਿਸੇ ਵੀ ਹੋਰ ਜਾਂਣਕਾਰੀ ਲਈ ਇਸ ਦਫਤਰ ਦੇ ਸਟੇਟ ਕੋਆਰਡੀਨੇਟਰ (ਵਾਈ.ਆਰ.ਸੀ.) ਨਾਲ ਮੋਬਾਇਲ ਨੰਬਰ 99158-85864 ਤੇ ਸੰਪਰਕ ਕੀਤਾ ਜਾ ਸਕਦਾ ਹੈ।

ਸਕੱਤਰ-ਕਮ-ਚੀਫ ਐਗਜੈਕਟਿਵ

Red Cross
Receipt No. 97
Date 23/04/18
File No.

ਉਤਾਰਾ:-

1. ਮਾਨਯੋਗ ਸ਼੍ਰੀ ਅਵਿਨਾਸ਼ ਰਾਏ ਖੰਨਾ, ਵਾਈਸ ਚੇਅਰਮੈਨ, ਭਾਰਤੀ ਰੈੱਡ ਕਰਾਸ ਸੋਸਾਇਟੀ, ਨਵੀ ਦਿੱਲੀ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ।

ਸਕੱਤਰ-ਕਮ-ਚੀਫ ਐਗਜੈਕਟਿਵ